# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਰਿਚਮੰਡ ਆਰ.ਸੀ.ਐਮ.ਪੀ. ਦੇ ਮੁਖੀ ਦੇਵ ਚੌਹਾਨ ਦਾ ਗੁਰਦੁਆਰਾ ਨਾਨਕ ਨਿਵਾਸ ਵਿਖੇ ਵਿਸ਼ੇਸ਼ ਸਨਮਾਨ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 3 ਫਰਵਰੀ : ਇੰਡੀਆ ਕਲਚਰਲ ਸੈਂਟਰ ਆਫ਼ ਕੈਨੇਡਾ, ਗੁਰਦੁਆਰਾ ਨਾਨਕ ਨਿਵਾਸ ਵਿਖੇ ਬੀਤੇ ਦਿਨੀਂ ਕਮਿਊਨਿਟੀ ਦੀ ਉੱਘੀ ਸ਼ਖ਼ਸੀਅਤ ਅਤੇ ਰਿਚਮੰਡ ਆਰ.ਸੀ.ਐਮ.ਪੀ. ਦੇ ਮੁਖੀ ਦੇਵ ਚੌਹਾਨ ਨਤਮਸਤਕ ਹੋਏ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦੀਆਂ ਮਾਣਮੱਤੀਆਂ ਸੇਵਾਵਾਂ ਬਦਲੇ ਵਿਸ਼ੇਸ਼ ਸਨਮਾਨ ਕੀਤਾ ਗਿਆ।



ਵਰਨਣਯੋਗ ਹੈ ਕਿ ਮੂਲ ਰੂਪ ਵਿੱਚ ਪੰਜਾਬ ਨਾਲ ਸਬੰਧਤ ਦੇਵ ਚੌਹਾਨ ਕਰੀਬ 40 ਸਾਲ ਪਹਿਲਾਂ ਕੈਨੇਡਾ ਆਏ ਸਨ ਅਤੇ ਪਿਛਲੇ 31 ਸਾਲਾਂ ਤੋਂ ਇੱਕ ਪੁਲਿਸ ਅਫ਼ਸਰ ਵਜੋਂ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਨੇ ਆਪਣੇ ਕਰੀਅਰ ਦੇ 14 ਸਾਲ ਪ੍ਰਿੰਸ ਜੌਰਜ ਸ਼ਹਿਰ ਵਿਖੇ ਵੱਖ-ਵੱਖ ਪੁਲਿਸ ਵਿਭਾਗਾਂ ਵਿੱਚ ਗੁਜ਼ਾਰੇ। ਸਾਲ 2005 ਵਿੱਚ ਮੈਟਰੋ ਵੈਨਕੂਵਰ ਆਉਣ ਉਪਰੰਤ ਉਨ੍ਹਾਂ ਨੇ ਆਰ.ਸੀ.ਐਮ.ਪੀ. ਦੇ ਵੱਖ-ਵੱਖ ਅਹਿਮ ਅਹੁਦਿਆਂ 'ਤੇ ਕੰਮ ਕੀਤਾ ਅਤੇ ਪਿਛਲੇ ਚਾਰ ਸਾਲਾਂ ਤੋਂ ਉਹ ਰਿਚਮੰਡ ਆਰ.ਸੀ.ਐਮ.ਪੀ. ਦੇ ਮੁਖੀ ਵਜੋਂ ਸੇਵਾਵਾਂ ਨਿਭਾ ਰਹੇ ਹਨ।

ਦੇਵ ਚੌਹਾਨ ਦਾ ਗੁਰਦੁਆਰਾ ਨਾਨਕ ਨਿਵਾਸ ਨਾਲ ਗਹਿਰਾ ਲਗਾਓ ਹੈ। ਉਹ ਅਕਸਰ ਸਮਾਂ ਕੱਢ ਕੇ ਗੁਰੂ ਘਰ ਨਤਮਸਤਕ ਹੁੰਦੇ ਹਨ ਅਤੇ ਸੰਗਤਾਂ ਤੇ ਪ੍ਰਬੰਧਕਾਂ ਨਾਲ ਮੇਲ-ਮਿਲਾਪ ਕਰਦੇ ਹਨ। ਸਮਾਗਮ ਦੌਰਾਨ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਦੇਵ ਚੌਹਾਨ ਦੀਆਂ ਪ੍ਰਾਪਤੀਆਂ ਪੂਰੀ ਕਮਿਊਨਿਟੀ ਲਈ ਮਾਣ ਵਾਲੀ ਗੱਲ ਹਨ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਸੁਰੱਖਿਆ ਅਤੇ ਬਿਹਤਰੀ ਲਈ ਸਦਾ ਤਤਪਰ ਰਹਿਣ ਵਾਸਤੇ ਦੇਵ ਚੌਹਾਨ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ।

ਗੁਰਦੁਆਰਾ ਕਮੇਟੀ ਦੀ ਚੇਅਰਪਰਸਨ ਬੀਬੀ ਕਸ਼ਮੀਰ ਕੌਰ ਜੌਹਲ ਨੇ ਪ੍ਰਬੰਧਕ ਕਮੇਟੀ ਅਤੇ ਸੰਗਤ ਵੱਲੋਂ ਦੇਵ ਚੌਹਾਨ ਨੂੰ ਯਾਦਗਾਰੀ ਪਲੇਕ (ਸਨਮਾਨ ਚਿੰਨ੍ਹ) ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਦੇਵ ਚੌਹਾਨ ਨੇ ਪ੍ਰਬੰਧਕਾਂ ਦਾ ਸ਼ੁਕਰਾਨਾ ਕਰਦਿਆਂ ਕਮਿਊਨਿਟੀ ਵਿੱਚ ਵਾਪਰ ਰਹੀਆਂ ਮੌਜੂਦਾ ਗਤੀਵਿਧੀਆਂ ਬਾਰੇ ਵੀ ਵਿਚਾਰ ਸਾਂਝੇ ਕੀਤੇ ਅਤੇ ਸੁਰੱਖਿਆ ਪ੍ਰਤੀ ਜਾਗਰੂਕ ਰਹਿਣ ਦਾ ਸੁਨੇਹਾ ਦਿੱਤਾ।

## ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਦੀ ਸਾਲ 2026-27 ਦੀ ਚੋਣ ਹੋਈ

ਵਰਲਡ ਪੰਜਾਬੀ ਟਾਈਮਜ਼




ਫਰੀਦਕੋਟ 3 ਫਰਵਰੀ : ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੀ ਮਾਸਿਕ ਇਕੱਤਰਤਾ ਮਿਤੀ 1 ਫਰਵਰੀ 2026) ਦਿਨ ਐਤਵਾਰ ਨੂੰ ਪੈਨਸ਼ਨਰਜ਼ ਭਵਨ ਨਜ਼ਦੀਕ ਹੁੱਕੀ ਚੌਂਕ ਫ਼ਰੀਦਕੋਟ ਵਿਖੇ ਹੋਈ। ਜਿਸ ਵਿੱਚ ਪ੍ਰੋ: ਪਾਲ ਸਿੰਘ, ਇਕਬਾਲ ਘਾਰੂ, ਕਰਨਲ ਬਲਬੀਰ ਸਿੰਘ ਸਰਾਂ, ਪ੍ਰਿੰਸੀਪਲ ਜੋਗਿੰਦਰ ਸਿੰਘ ਸਿੱਧੂ, ਬਲਵੰਤ ਰਾਏ ਗੱਖੜ, ਸੁਖਚੈਨ ਥਾਂਦੇਵਾਲ, ਜਗਦੀਪ ਹਸਰਤ, ਲਾਲ ਸਿੰਘ ਕਲਸੀ, ਜੰਗਪਾਲ ਸਿੰਘ, ਸੁਰਿੰਦਰਪਾਲ ਸ਼ਰਮਾ ਭਲੂਰ, ਜਸਵੰਤ ਸਿੰਘ ਸਰਾਂ, ਇੰਜ. ਦਰਸ਼ਨ ਸਿੰਘ ਰੋਮਾਣਾ, ਕਸ਼ਮੀਰ ਸਿੰਘ, ਸਾਧੂ ਸਿੰਘ ਚਮੇਲੀ, ਹਰਸੰਗੀਤ ਸਿੰਘ ਗਿੱਲ, ਸੁਖਦੇਵ ਸਿੰਘ ਮਚਾਕੀ, ਜਤਿੰਦਰਪਾਲ ਟੈਕਨੋ, ਵਤਨਵੀਰ ਜ਼ਖਮੀ, ਧਰਮ ਪ੍ਰਵਾਨਾ ਅਤੇ ਮੁਖਤਿਆਰ ਸਿੰਘ ਵੰਗੜ ਨੇ ਭਾਗ ਲਿਆ। ਇਸ ਇਕੱਤਰਤਾ ਵਿੱਚ ਪ੍ਰਧਾਨ ਕਰਨਲ ਬਲਬੀਰ ਸਿੰਘ ਸਰਾਂ ਦੀ ਪ੍ਰਧਾਨਗੀ ਹੇਠ ਸਰਬਸੰਮਤੀ ਨਾਲ ਸਾਲ 2026- 27 ਦੀ ਚੋਣ ਕੀਤੀ ਗਈ। ਇਸ ਚੋਣ ਦੌਰਾਨ ਸੁਖਚੈਨ ਥਾਂਦੇਵਾਲ ਨੂੰ ਪ੍ਰਧਾਨ, ਪ੍ਰਿੰਸੀਪਲ ਕ੍ਰਿਸ਼ਨ ਲਾਲ ਬਕੋਲੀਆ ਨੂੰ ਜਰਨਲ ਸਕੱਤਰ, ਪ੍ਰਿੰਸੀਪਲ ਜੋਗਿੰਦਰ ਸਿੰਘ ਸਿੱਧੂ ਨੂੰ ਮੀਤ ਪ੍ਰਧਾਨ, ਵਤਨਵੀਰ ਜ਼ਖਮੀ ਨੂੰ ਪ੍ਰੈੱਸ ਸਕੱਤਰ, ਬਲਵੰਤ ਰਾਏ ਗੱਖੜ ਨੂੰ ਵਿੱਤ ਸਕੱਤਰ, ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਨੂੰ ਮੁੱਖ ਸਰਪ੍ਰਸਤ , ਪ੍ਰੋ: ਪਾਲ ਸਿੰਘ ਨੂੰ ਉਪ ਸਰਪ੍ਰਸਤ ਦਰਸ਼ਨ ਰੋਮਾਣਾ ਨੂੰ ਸਕੱਤਰ, ਧਰਮ ਪ੍ਰਵਾਨਾ ਨੂੰ ਪ੍ਰਚਾਰ ਸਕੱਤਰ, ਇਕਬਾਲ ਘਾਰੂ , ਲਾਲ ਸਿੰਘ ਕਲਸੀ , ਸੁਰਿੰਦਰਪਾਲ ਸ਼ਰਮਾ ਭਲੂਰ ਨੂੰ ਮੁੱਖ ਸਲਾਹਕਾਰ ਚੁਣਿਆ ਗਿਆ। ਇਸ ਤੋਂ ਬਾਅਦ ਵਿੱਚ ਰਚਨਾਵਾਂ ਦਾ ਦੌਰ ਚੱਲਿਆ। ਹਾਜ਼ਰ ਲੇਖਕਾਂ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਜਿਨ੍ਹਾਂ ਤੇ ਭਖਵੀ ਬਹਿਸ ਹੋਈ। ਅਖੀਰ ਸਭਾ ਵੱਲੋਂ ਸਭਾ ਦੇ ਮੁੱਖ ਸਰਪ੍ਰਸਤ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਦੀ ਸਿਹਤਯਾਬੀ ਲਈ ਅਰਦਾਸ ਕੀਤੀ ਗਈ।

## ਗੈਰਕਾਨੂੰਨੀ ਤਰੀਕੇ ਨਾਲ ਸੜਕਾਂ ਉਪਰ ਬਣੇ 'ਕੱਟਾਂ' ਕਾਰਨ ਵਾਪਰ ਸਕਦੇ ਹਨ ਵੱਡੇ ਹਾਦਸੇ : ਸੱਚਰ

### ਸਬੂਤਾਂ ਸਮੇਤ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਕੀਤੀਆਂ ਸ਼ਿਕਾਇਤਾਂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



Bugipura, Dhilwan Kalan, Ramsar, Rauwala, and Chak Jandwala are involved in repeatedly damaging the median and creating unauthorized cuts to cross the highway.

5. Moreover, Section 42 of (Land & Traffic) Act, 2002 provides as hereunder:

*42. Duty of village officials.—Wherever any village headman, village accountant, village watchman or other village official, by whatever name called, becomes aware of any offence involving unauthorised occupation, damage or destruction of the highway land, he shall forthwith inform the nearest police station or the nearest Highway Administration or any officer authorised in this behalf by such Administration, the commission of such offence and shall also be duty bound to assist the Highway Administration and its officers in prosecuting the offender of the offence.*

6. In view of the above, it is requested that necessary directions may kindly be issued to the concerned Sub-Divisional Magistrates, Executive Magistrates, and Police Authorities to immediately:


(i) Instruct all concerned Gram Panchayats/Sarpanches of the aforementioned villages to ensure that no unauthorized median openings are created or re-created by villagers.

(ii) Strictly prohibit and penalize any acts of damage or tampering with the national highway infrastructure.

Encl.: A/A

Yours Faithfully,
31·01·2026
(Rajeev Kumar)
Highway Administrator-cum-Project Director,
NHAI, PIU-Bathinda.

Copy To:
1. RO Chandigarh - For information, please.
2. Authority Engineer, M/s MSV International Inc. in Asso. With Mahamarg Infra. Consultants Pvt. Ltd.:- For information and necessary action, please.
3. PBMC Contractor, M/s Gurbachan Singh Constructions Pvt. Ltd.:- For information and necessary action, please.
4. Sh. Aarsh Sachar.:- For information, please.



भारतीय राष्ट्रीय राजमार्ग प्राधिकरण
National Highways Authority of India
(Ministry of Road Transport and Highways, Govt. of India)
Project Implementation Unit

NHAI/PIU/25376/BTI-HRK/PBMC/GSCPL/-15450 31.01.2026

To,
The Deputy Commissioner,
District Faridkot,

Sub: Operation & Maintenance of four lane of Harike- Faridkot- Kotkapura- Bathinda Section of NH-15 (New NH-54) from Km 168.400 to Km 287.215 (excluding from Km. 170.000 to Km. 171.900 in Makhu town) in the state of Punjab on Performance Based Maintenance Contract (PBMC) mode (Flexible Pavement: 28.663 Kms; Rigid Pavement: 88.252 Kms) - Request for Immediate Administrative Intervention to Prevent Re-Creation of Unauthorized Median Openings by Local Villagers along Harike-Bathinda Section of NH-54.

Ref: Concern received vide e mail from Sh. Aarsh Sachar dated 14.12.2025, 18.12.2025 and 24.12.2025 regarding unauthorized median opening on Harike-Bathinda section of NH-54.

Sir,

This is in reference to email dated 14.12.2025, 18.12.2025 and 24.12.2025 received from Sh. Aarsh Sachar, Social Worker & Public Activist, Faridkot, highlighting the illegal cuts and related safety hazards along the Bathinda-Amritsar National Highway (NH-54). Pursuant to the same, this office had already directed the PBMC Contractor (M/s Gurbachan Singh Constructions Pvt. Ltd.) and the Authority Engineer to take immediate corrective action vide this office Letter No. 15120 dated 24.12.2025.

2. In response, the PBMC Contractor, vide Letter No. 131 dated 08.01.2026, submitted that all unauthorized median openings had been closed in the recent past (photographs enclosed). However, despite repeated closures, local residents at various locations continue to damage the median to recreate illegal openings endangering safety of road users. The same has been confirmed by Authority Engineer, vide Letter No. 20 dated 08.01.2026.

3. It is brought to your notice that the NH land use is governed by the Central Govt.'s 'The Control of National Highways (Land & Traffic) Act, 2002' as amended from time to time, Section 29 (4) of which states as hereunder:

"29. Procedure for permission to access to Highway.—(4) If any person contravenes the provisions of sub-section (1) of section 28 or violates any terms and conditions subject to which permission has been given under sub-section (2) including non-renewal of licence obtained under sub-section (3), his access to Highway under the permission under sub-section (1) or sub-section (3), as the case may be, shall be deemed to be unauthorised access and the Highway Administration or the officer authorised by such Administration shall have the power to remove such access and where necessary, the Highway Administration or such officer may use the necessary force with the assistance of the police to remove such access."

4. It has been observed that villagers from Killi Bodla, Behak Gujran, Lehra Rohi, Chand Baja, Kater, Talwandi Bhai, Kot Karor Kalan, Chander, Misriwala, Bargari, Bajakhana, Jeeda, Bhisiana, Gondara, Tehna, Sekhwan, Kothe Hazura Singh, Sandhwan, Lambwali, Makhu,

Head Office: G-5&6, Sector-10, Dwarka, New Delhi - 110075

ਕੋਟਕਪੂਰਾ, 3 ਫਰਵਰੀ : ਫਰੀਦਕੋਟ–ਬਠਿੰਡਾ ਨੈਸ਼ਨਲ ਹਾਈਵੇ ਅਤੇ ਕਈ ਥਾਵਾਂ 'ਤੇ ਗੈਰਕਾਨੂੰਨੀ ਤਰੀਕੇ ਨਾਲ ਬਣਾਈਆਂ ਗਈਆਂ ਮੀਡੀਅਨ ਕੱਟਾਂ ਕਾਰਨ ਹਰ ਰੋਜ਼ ਹਾਦਸਿਆਂ ਦਾ ਖ਼ਤਰਾ ਬਣਿਆ ਹੋਇਆ ਸੀ। ਬਿਨਾਂ ਮਨਜ਼ੂਰੀ ਬਣੇ ਇਹ ਰਸਤੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਆਮ ਲੋਕਾਂ, ਵਿਦਿਆਰਥੀਆਂ, ਕਿਸਾਨਾਂ ਅਤੇ ਵਾਹਨ ਚਾਲਕਾਂ ਦੀ ਜਾਨ ਨਾਲ ਖਿਲਵਾੜ ਕਰ ਰਹੇ ਸਨ। ਇਹ ਮਸਲਾ ਲੰਮੇ ਸਮੇਂ ਤੋਂ ਲੋਕਾਂ ਲਈ ਚਿੰਤਾ ਦਾ ਕਾਰਨ ਸੀ ਪਰ ਪ੍ਰਸ਼ਾਸਨਿਕ ਪੱਧਰ 'ਤੇ ਕੋਈ ਪ੍ਰਭਾਵਸ਼ਾਲੀ ਹੱਲ ਨਹੀਂ ਨਿਕਲ ਰਿਹਾ ਸੀ। ਇਸ ਸਥਿਤੀ ਨੂੰ ਦੇਖਦਿਆਂ ਸਮਾਜਸੇਵੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਅਰਸ਼ ਸੱਚਰ ਵੱਲੋਂ ਇਸ ਮਸਲੇ ਨੂੰ ਗੰਭੀਰਤਾ ਨਾਲ ਲਿਆ ਗਿਆ। ਅਰਸ਼ ਸੱਚਰ ਵਲੋਂ ਮੌਕੇ 'ਤੇ ਮੈਦਾਨੀ ਦੌਰੇ ਅਤੇ ਜਨਤਾ ਨਾਲ ਸਿੱਧੀ ਗੱਲਬਾਤ, ਫੋਟੋ ਅਤੇ ਵੀਡੀਓ ਸਬੂਤ ਇਕੱਠੇ ਕਰਕੇ ਡਾਕੂਮੈਂਟੇਸ਼ਨ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਲਿਖਤੀ ਸ਼ਿਕਾਇਤਾਂ, ਲਗਾਤਾਰ ਫਾਲੋਅਪ ਅਤੇ ਅਧਿਕਾਰਕ ਕਾਰਵਾਈ ਦੀ ਮੰਗ ਅਤੇ ਸੜਕ ਸੁਰੱਖਿਆ ਨੂੰ ਜਨਹਿਤ ਦਾ ਮੁੱਖ ਮਸਲਾ ਬਣਾਇਆ, ਉਨ੍ਹਾਂ ਦੀ ਲਗਾਤਾਰ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਹੁਣ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਵੱਲੋਂ ਅਧਿਕਾਰਕ ਪੱਤਰ ਜਾਰੀ ਕਰਕੇ ਗੈਰਕਾਨੂੰਨੀ ਕੱਟਾਂ ਨੂੰ ਤੁਰਤ ਬੰਦ ਕਰਨ ਅਤੇ ਭਵਿੱਖ ਵਿੱਚ ਦੁਬਾਰਾ ਬਣਨ ਤੋਂ ਰੋਕਣ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਨੇ ਸਪੱਸ਼ਟ ਕੀਤਾ ਹੈ ਕਿ ਨੈਸ਼ਨਲ ਹਾਈਵੇ ਦੀ ਜ਼ਮੀਨ 'ਤੇ ਗੈਰਕਾਨੂੰਨੀ ਦਖ਼ਲਅੰਦਾਜ਼ੀ ਜਾਂ ਕੱਟ ਬਣਾਉਣਾ ਕਾਨੂੰਨਨ ਅਪਰਾਧ ਹੈ ਅਤੇ ਲੋੜ ਪੈਣ 'ਤੇ ਪੁਲਿਸ ਦੀ ਮੱਦਦ ਨਾਲ ਕਾਰਵਾਈ ਕੀਤੀ ਜਾਵੇਗੀ। ਅਰਸ਼ ਸੱਚਰ ਦਾ ਬਿਆਨ ਮੇਰੀ ਰਾਜਨੀਤੀ ਸਿਰਫ਼ ਬਿਆਨਾਂ ਦੀ ਨਹੀਂ, ਹੱਲ ਦੀ ਰਾਜਨੀਤੀ ਹੈ ਜੇਕਰ ਕਿਸੇ ਵੀ ਕਾਰਨ ਲੋਕਾਂ ਦੀ ਜਾਨ ਖ਼ਤਰੇ ਵਿੱਚ ਪੈਂਦੀ ਹੈ ਤਾਂ ਚੁੱਪ ਰਹਿਣਾ ਗਲਤ ਹੈ ਮੈਂ ਮਸਲੇ ਸਿਰਫ਼ ਉਠਾਉਂਦਾ ਨਹੀਂ, ਉਨ੍ਹਾਂ ਦਾ ਨਤੀਜਾ ਵੀ ਲਿਆਉਂਦਾ ਹਾਂ। ਲੋਕਾਂ ਦੀ ਸੁਰੱਖਿਆ ਮੇਰੀ ਪਹਿਲੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਫਰੀਦਕੋਟ ਹਲਕੇ ਵਿੱਚ ਸੜਕ ਸੁਰੱਖਿਆ, ਪਾਣੀ, ਸਿਹਤ, ਸਫ਼ਾਈ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਸੰਬੰਧਤ ਹਰ ਜਨਹਿਤੀ ਮਸਲੇ 'ਤੇ ਇਸੇ ਤਰ੍ਹਾਂ ਡਟ ਕੇ ਲੜਾਈ ਜਾਰੀ ਰਹੇਗੀ। ਸਪਸ਼ਟ ਸੰਦੇਸ਼ ਜਨਤਾ ਦੀ ਜਾਨ ਨਾਲ ਸਮਝੌਤਾ ਨਹੀਂ, ਗੈਰਕਾਨੂੰਨੀ ਕੰਮ ਬਰਦਾਸ਼ਤ ਨਹੀਂ, ਪ੍ਰਸ਼ਾਸਨ ਨੂੰ ਜਵਾਬਦੇਹ ਬਣਾਇਆ ਜਾਵੇਗਾ ਅਤੇ ਮਸਲੇ ਨਹੀਂ, ਹੱਲ ਇਹੀ ਸਾਡਾ ਮਕਸਦ ਹੈ।

## ਬੀਰ ਸਿੰਘ ਕੈਨੇਡੀਅਨ ਦੀ ਅਦੁੱਤੀ ਰਚਨਾ 'ਗੁਰ ਸ਼ਬਦ ਵਿਚਾਰ ਰਤਨਾਗਰ ਸਾਗਰ' ਲੋਕ-ਅਰਪਣ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਐਬਸਫੋਰਡ, 3 ਫਰਵਰੀ : ਬੀਤੇ ਦਿਨ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਐਬਸਫੋਰਡ ਵਿਖੇ ਲੇਖਕ ਬੀਰ ਸਿੰਘ ਕੈਨੇਡੀਅਨ ਦੀ ਬਹੁ-ਚਰਚਿਤ ਪੁਸਤਕ 'ਗੁਰ ਸ਼ਬਦ ਵਿਚਾਰ ਰਤਨਾਗਰ ਸਾਗਰ' ਰਿਲੀਜ਼ ਕੀਤੀ ਗਈ। ਇਸ ਪੁਸਤਕ ਨੂੰ ਲੋਕ-ਅਰਪਣ ਕਰਨ ਦੀ ਰਸਮ ਡਾ. ਗੁਰਵਿੰਦਰ ਸਿੰਘ ਧਾਲੀਵਾਲ, ਪ੍ਰਸਿੱਧ ਸ਼ਾਇਰ ਮੋਹਨ ਗਿੱਲ, ਕੋਚ ਦਲਜੀਤ ਸਿੰਘ ਗਰੇਵਾਲ, ਬੀਰ ਸਿੰਘ ਕੈਨੇਡੀਅਨ, ਹਰਦਮ ਸਿੰਘ ਮਾਨ, ਗੁਰਪਿਆਰ ਸਿੰਘ ਰੋਮਾਣਾ ਅਤੇ ਪ੍ਰਸਿੱਧ ਸ਼ਖ਼ਸੀਅਤਾਂ ਵੱਲੋਂ ਸਾਂਝੇ ਤੌਰ 'ਤੇ ਨਿਭਾਈ ਗਈ।

ਪੁਸਤਕ ਬਾਰੇ ਰੌਸ਼ਨੀ ਪਾਉਂਦਿਆਂ ਲੇਖਕ ਬੀਰ ਸਿੰਘ ਕੈਨੇਡੀਅਨ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਇਹ ਰਚਨਾ ਗੁਰਬਾਣੀ ਦੇ ਅਗੰਮੀ ਗਿਆਨ-ਸਾਗਰ ਵਿੱਚੋਂ ਰੂਹਾਨੀਅਤ ਦੇ ਰਤਨ ਅਤੇ ਵਿਚਾਰ-ਮਾਣਿਕ ਚੁਣ ਕੇ ਸੰਜੋਣ ਦਾ ਇੱਕ ਨਿਮਾਣਾ ਜਿਹਾ ਯਤਨ ਹੈ। ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ ਇਹ ਪੁਸਤਕ ਜਗਿਆਸੂਆਂ ਦੇ ਹਿਰਦਿਆਂ ਵਿੱਚੋਂ ਭਰਮਾਂ ਅਤੇ ਸ਼ੰਕਿਆਂ ਦਾ ਅੰਧਕਾਰ ਮਿਟਾ ਕੇ ਆਤਮਿਕ ਗਿਆਨ ਦਾ ਪ੍ਰਕਾਸ਼ ਫੈਲਾਉਣ ਵਿੱਚ ਮਦਦਗਾਰ ਸਾਬਤ ਹੋਵੇਗੀ। ਇਸ ਪੁਸਤਕ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਅੱਠ ਜਿਲਦਾਂ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਗਾਂ (ਪੰਨਿਆਂ) ਦੀ ਮਰਿਆਦਾ ਨੂੰ ਮੁੱਖ ਰੱਖਦਿਆਂ, ਇਸ ਵਿੱਚ 1430 ਸਵਾਲ ਅਤੇ ਉਨ੍ਹਾਂ ਦੇ ਵਿਸਥਾਰਪੂਰਵਕ ਜਵਾਬ ਦਰਜ ਕੀਤੇ ਗਏ ਹਨ, ਜੋ ਪਾਠਕਾਂ ਲਈ ਗੁਰਬਾਣੀ ਨੂੰ ਸਮਝਣਾ ਸਰਲ ਬਣਾਉਂਦੇ ਹਨ।

ਇਸ ਮੌਕੇ ਬੋਲਦਿਆਂ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਬੀਰ ਸਿੰਘ ਕੈਨੇਡੀਅਨ ਨੇ ਬੇਹੱਦ ਮਿਹਨਤ, ਸਿਦਕ ਅਤੇ ਗੁਰਮਤਿ ਨਿਭਾਅ ਨਾਲ ਗੁਰਬਾਣੀ ਨੂੰ 'ਸਵਾਲ–ਜਵਾਬ' ਦੀ ਸਾਰਥਿਕ ਵਿਧਾ ਵਿੱਚ ਪੇਸ਼ ਕਰਕੇ ਸ਼ਰਧਾਲੂਆਂ ਲਈ ਇੱਕ ਕੀਮਤੀ ਸਾਧਨ ਉਪਲਬਧ ਕਰਵਾਇਆ ਹੈ। ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਅਜੋਕੇ ਭੌਤਿਕਤਾ ਅਤੇ ਆਪੋ-ਧਾਪੀ ਭਰੇ ਸਮੇਂ ਵਿੱਚ, ਜਿੱਥੇ ਮਨੁੱਖ ਇਨਸਾਨੀਅਤ ਤੋਂ ਦੂਰ ਹੁੰਦਾ ਜਾ ਰਿਹਾ ਹੈ, ਇਹ ਪੁਸਤਕ ਗੁਰਬਾਣੀ ਦੇ ਮਾਨਵਤਾਵਾਦੀ, ਨੈਤਿਕ ਅਤੇ ਆਤਮਿਕ ਸੰਦੇਸ਼ ਨੂੰ ਬੜੀ ਸੁਖਾਲੀ ਅਤੇ ਪ੍ਰਭਾਵਸ਼ਾਲੀ ਸ਼ੈਲੀ ਵਿੱਚ ਲੋਕਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਏਗੀ।

ਅੰਤ ਵਿੱਚ ਹਾਜ਼ਰ ਸ਼ਖ਼ਸੀਅਤਾਂ ਨੇ ਬੀਰ ਸਿੰਘ ਕੈਨੇਡੀਅਨ ਨੂੰ ਇਸ ਵਿਸ਼ਾਲ ਅਤੇ ਮਹਾਨ ਗੁਰਮਤਿ ਕਾਰਜ ਲਈ ਵਧਾਈ ਦਿੱਤੀ ਅਤੇ 'ਗੁਰ ਸ਼ਬਦ ਵਿਚਾਰ ਰਤਨਾਗਰ ਸਾਗਰ' ਨੂੰ ਸਿੱਖ ਜਗਤ ਲਈ ਇੱਕ ਇਤਿਹਾਸਕ ਅਤੇ ਦੂਰਗਾਮੀ ਮਹੱਤਵ ਦੀ ਦੇਣ ਕਰਾਰ ਦਿੱਤਾ।

## ਕ੍ਰਿਸ਼ਨ ਬਰਗਾੜੀ ਯਾਦਗਾਰੀ ਸੂਬਾਈ ਸਮਾਗਮ 8 ਫਰਵਰੀ ਨੂੰ

### ਕ੍ਰਿਸ਼ਨ ਬਰਗਾੜੀ ਯਾਦਗਾਰੀ ਪੁਰਸਕਾਰ ਮਨੁੱਖੀ ਹੱਕਾਂ ਦੀ ਨਾਮਵਰ ਕਾਰਕੁੰਨ ਡਾ. ਨਵਸ਼ਰਨ ਨੂੰ

ਵਰਲਡ ਪੰਜਾਬੀ ਟਾਈਮਜ਼ ਸੁਮੀਤ ਅੰਮ੍ਰਿਤਸਰ



ਬਰਨਾਲਾ 3 ਫਰਵ ਰੀ : ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਕ੍ਰਿਸ਼ਨ ਬਰਗਾੜੀ ਯਾਦਗਾਰੀ ਸੂਬਾਈ ਸਮਾਗਮ 8 ਫਰਵਰੀ ਨੂੰ ਸਵੇਰੇ 11 ਵਜੇ ਤਰਕਸ਼ੀਲ ਭਵਨ ਬਰਨਾਲਾ ਵਿਖੇ ਕਰਵਾਇਆ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਅਤੇ ਸੂਬਾਈ ਆਗੂਆਂ ਹੇਮ ਰਾਜ ਸਟੈਨੋਂ, ਰਾਜਪਾਲ ਬਠਿੰਡਾ ਅਤੇ ਸੁਮੀਤ ਅੰਮ੍ਰਿਤਸਰ ਨੇ ਦੱਸਿਆ ਕਿ ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੀ 24ਵੀਂ ਬਰਸੀ ਦੇ ਸਬੰਧ ਵਿੱਚ ਕੀਤੇ ਜਾ ਰਹੇ ਸਮਾਗਮ ਵਿੱਚ ਮਨੁੱਖੀ ਹੱਕਾਂ ਦੀ ਨਾਮਵਰ ਕਾਰਕੁੰਨ ਅਤੇ ਜਮਹੂਰੀ ਚਿੰਤਕ ਡਾ.ਨਵਸ਼ਰਨ ਨੂੰ 24ਵਾਂ ਕ੍ਰਿਸ਼ਨ ਬਰਗਾੜੀ ਯਾਦਗਾਰੀ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਮੌਕੇ ਮੀਡੀਆ ਅਦਾਰੇ 'ਦ ਵਾਇਰ' ਦੀ ਨਾਮਵਰ ਸੀਨੀਅਰ ਸੰਪਾਦਕ ਆਰਿਫਾ ਖਾਨੁਮ ਸ਼ੇਰਵਾਨੀ 'ਅਜੋਕਾ ਮੀਡੀਆ ਅਤੇ ਸਾਡੇ ਕਾਰਜ' ਵਿਸ਼ੇ ਸਬੰਧੀ ਮੁੱਖ ਬੁਲਾਰੇ ਦੇ ਤੌਰ ਤੇ ਆਪਣੇ ਵਿਚਾਰ ਪੇਸ਼ ਕਰਨਗੇ। ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਦੇ ਸਾਰੇ ਤਰਕਸ਼ੀਲ ਕਾਰਕੁਨਾਂ ਸਮੇਤ ਸਮੂਹ ਲੋਕ ਪੱਖੀ ਅਤੇ ਇਨਸਾਫਪਸੰਦ ਜਮਹੂਰੀ ਤੇ ਜਨਤਕ ਜਥੇਬੰਦੀਆਂ ਦੇ ਆਗੂਆਂ ਅਤੇ ਕਾਰਕੁਨਾਂ ਨੂੰ ਵੱਡੀ ਗਿਣਤੀ ਵਿੱਚ ਇਸ ਸੂਬਾਈ ਸਮਾਗਮ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ।

## ਰਾਸ਼ਟਰੀ ਪੱਧਰ ਦੇ ਗੁਰਮਤਿ ਗਿਆਨ ਮੁਕਾਬਲਿਆਂ ਵਿੱਚ ਦਸਮੇਸ਼ ਸਕੂਲ ਨੇ ਹਾਸਲ ਕੀਤਾ ਪਹਿਲਾ ਸਥਾਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 3 ਫਰਵਰੀ : ਬੀਤੇ ਦਿਨੀਂ ਗੁਰੂ ਨਾਨਕ ਮਲਟੀਵਰਸਟੀ ਅਤੇ ਐਜੂਕੇਟ ਪ੍ਰੋਜੈਕਟ ਪੰਜਾਬ ਵੱਲੋਂ ਵੱਖ-ਵੱਖ ਸਕੂਲਾਂ ਵਿੱਚ ਗੁਰਮਤਿ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਪੰਜਾਬ ਦੇ ਵੱਖ-ਵੱਖ ਸਕੂਲਾਂ ਨੇ ਤਿੰਨ ਪੜਾਵਾਂ ਵਿੱਚੋਂ ਦੀ ਗੁਜ਼ਰਨਾ ਸੀ। ਪਹਿਲਾ ਪੜਾਅ ਸਕੂਲ ਪੱਧਰ ਦਾ, ਦੂਜਾ ਪੜਾਅ ਜ਼ਿਲ੍ਹਾ ਪੱਧਰ ਦਾ ਅਤੇ ਤੀਜਾ ਪੜਾਅ ਨੈਸ਼ਨਲ ਪੱਧਰ ਦਾ ਸੀ। ਇੱਥੇ ਇਹ ਜ਼ਿਕਰਯੋਗ ਹੈ ਕਿ ਦਸਮੇਸ਼ ਪਬਲਿਕ ਸਕੂਲ ਕੋਟਕਪੂਰਾ ਦੀਆਂ ਤਿੰਨ ਹੋਣਹਾਰ ਵਿਦਿਆਰਥਣਾਂ ਨਿਤਨੇਮ ਕੌਰ, ਗੁਰਸੀਰਤ ਕੌਰ ਅਤੇ ਗੁਰਨੂਰ ਕੌਰ ਨੇ ਇਹ ਤਿੰਨੇ ਪੜਾਅ ਪਾਰ ਕਰ ਲਏ ਅਤੇ 29 ਜਨਵਰੀ 2026 ਨੂੰ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਨਾਮ ਵੰਡ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਦਸਮੇਸ਼ ਪਬਲਿਕ ਸਕੂਲ ਕੋਟਕਪੂਰਾ ਦੀ ਨੌਵੀਂ ਜਮਾਤ ਦੀ ਵਿਦਿਆਰਥਣ ਨਿਤਨੇਮ ਕੌਰ ਨੇ ਨੈਸ਼ਨਲ ਪੱਧਰ 'ਤੇ ਪਹਿਲਾ ਇਨਾਮ ਲੈਪਟਾਪ ਹਾਸਲ ਕਰਕੇ ਸਕੂਲ ਅਤੇ ਇਲਾਕੇ ਦਾ ਮਾਣ ਵਧਾਇਆ। ਗੁਰਸੀਰਤ ਕੌਰ ਅਤੇ ਗੁਰਨੂਰ ਕੌਰ ਨੂੰ ਵੀ ਸਮਾਰਟ ਘੜੀ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਮੁਖੀ ਡਾ. ਸੁਰਿੰਦਰ ਸਿੰਘ ਟੁਰਨਾ ਨੇ ਇਸ ਵਿਸ਼ੇਸ਼ ਪ੍ਰਾਪਤੀ 'ਤੇ ਉਕਤ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਗੁਰਮਤਿ ਮੁਕਾਬਲੇ ਬੱਚਿਆਂ ਦੀ ਸੂਰਤ ਤੇ ਸੀਰਤ ਦੋਨਾਂ ਨੂੰ ਨਿਖਾਰਦੇ ਹਨ ਅਤੇ ਉਹਨਾਂ ਦਾ ਸਰਬ ਪੱਖੀ ਵਿਕਾਸ ਕਰਦੇ ਹਨ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਜਸਬੀਰ ਸਿੰਘ ਸੰਧੂ ਨੇ ਆਪਣੀ ਕੀਮਤੀ ਸੁਨੇਹੇ ਵਿੱਚ ਉਕਤ ਵਿਦਿਆਰਥੀਆਂ, ਸਬੰਧਤ ਅਧਿਆਪਕਾਂ ਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਮੁਕਾਬਲੇ ਬੱਚੇ ਦੇ ਆਤਮ ਵਿਸ਼ਵਾਸ ਵਿੱਚ ਵਾਧਾ ਕਰਦੇ ਹਨ ਅਤੇ ਭਵਿੱਖ ਵਿੱਚ ਨਵੀਆਂ ਯੋਜਨਾਵਾਂ ਉਲੀਕਣ ਦੇ ਸਮਰੱਥ ਬਣਾਉਂਦੇ ਹਨ।

# ਇੱਕ ਸਾਖੀ ਜੋ ਦਸਵੰਧ ਦੀ ਮਰਿਆਦਾ ਨਾਲ ਜੁੜੀ ਹੋਈ ਹੈ, ਉਹ ਹੈ ਭਾਈ ਮੱਖਣ ਸ਼ਾਹ ਦੀ ਸਾਖੀ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ




ਭਾਈ ਮੱਖਣ ਸ਼ਾਹ ਇੱਕ ਸਿੱਖ ਸਨ ਜੋ ਗੁਰੂ ਤੇਗ ਬਹਾਦਰ ਸਾਹਿਬ ਦੇ ਸਮੇਂ ਵਿੱਚ ਰਹਿੰਦੇ ਸਨ। ਉਹ ਇੱਕ ਵਪਾਰੀ ਸਨ ਅਤੇ ਉਹਨਾਂ ਦਾ ਵਪਾਰ ਬਹੁਤ ਚੰਗਾ ਚੱਲ ਰਿਹਾ ਸੀ। ਇੱਕ ਵਾਰ ਉਹਨਾਂ ਦਾ ਜਹਾਜ਼ ਸਮੁੰਦਰ ਵਿੱਚ ਤੂਫਾਨ ਵਿੱਚ ਫਸ ਗਿਆ ਅਤੇ ਉਹਨਾਂ ਨੂੰ ਲੱਗਾ ਕਿ ਉਹ ਬਚ ਨਹੀਂ ਸਕਣਗੇ। ਉਹਨਾਂ ਨੇ ਗੁਰੂ ਸਾਹਿਬ ਨੂੰ ਅਰਦਾਸ ਕੀਤੀ ਅਤੇ ਕਿਹਾ ਕਿ ਜੇਕਰ ਉਹ ਬਚ ਗਏ, ਤਾਂ ਉਹ ਆਪਣੀ ਆਮਦਨੀ ਦਾ ਦਸਵਾਂ ਹਿੱਸਾ ਗੁਰੂ ਸਾਹਿਬ ਨੂੰ ਭੇਂਟ ਕਰਨਗੇ।

ਉਹ ਬਾਬਾ ਬਕਾਲਾ ਸਾਹਿਬ ਆਏ ਤੇ ਉਹਨਾਂ ਨੇ ਦੇਖਿਆ22ਮੰਜੀਆਂ ਢਾਹ ਕੇ ਬੈਠੇ ਹਨ। ਸਭ ਅੱਗੇ ਦੋ ਦੋ ਮੋਹਰਾਂ ਰੱਖੀਆਂ ਕਿਸੇ ਨੇ ਵੀ ਬਾਕੀ ਦਸਵੰਧ ਦੀ ਮੰਗ ਨਾ ਕੀਤੀ । ਮੱਖਣ ਸ਼ਾਹ ਨੇ ਹੋਰ ਪੁੱਛਿਆਂ ਇੱਥੇ ਹੋਰ ਵੀ ਕੋਈ ਹੈ ਤਾਂ ਕਿਸੇ ਨੇ ਦਸਿਆ ਗੁਰੂ ਤੇਗ ਬਹਾਦਰ ਸਾਹਿਬ ਜੀ ਭੌਰੇ ਵਿੱਚ ਬੈਠ ਕੇ ਤੱਪ ਕਰ ਰਹੇ ਹਨ। ਤਾਂ ਮੱਖਣ ਸ਼ਾਹ ਦਾ ਪਹੁੰਚਿਆ ਤੇ ਦੋ ਮੌਤਾਂ ਅੱਗੇ ਰੱਖੀਆਂ ਤੇ ਗੁਰੂ ਜੀ ਬੋਲ ਪਏ ਉਸ ਵਕਤ 500 ਮੌਰਾਂ ਬੌਲ ਕੇ ਦੋ ਦੇ ਰਿਹਾ ਹੈ। ਮੱਖਣ ਸ਼ਾਹ ਉੱਚੀ ਉੱਚੀ ਚਿਲਾ ਪਿਆ ਗੁਰੂ ਲਾਧੋ ਰੇ ਗੁਰੂ ਲਾਧੋ ਰੇ। ਇਹ ਸੀ ਦਸਵੰਧ ਗੁਰੂ ਆਪ ਲੈਣ ਲੈਂਦੇ ਹਨ। ਸੋ ਗੁਰੂ ਨਾਲ ਇਕਰਾਰ ਕੀਤਾ ਹੈ।

ਗੁਰੂ ਸਾਹਿਬ ਦੀ ਕਿਰਪਾ ਨਾਲ ਉਹਨਾਂ ਦਾ ਜਹਾਜ਼ ਬਚ ਗਿਆ ਅਤੇ ਉਹ ਸੁਰੱਖਿਅਤ ਘਰ ਪਹੁੰਚ ਗਏ। ਉਹਨਾਂ ਨੇ ਆਪਣਾ ਵਾਅਦਾ ਪੂਰਾ ਕੀਤਾ ਅਤੇ ਆਪਣੀ ਆਮਦਨੀ ਦਾ ਦਸਵਾਂ ਹਿੱਸਾ ਗੁਰੂ ਸਾਹਿਬ ਨੂੰ ਭੇਂਟ ਕੀਤਾ।

ਇਸ ਸਾਖੀ ਤੋਂ ਸਾਨੂੰ ਦਸਵੰਧ ਦੀ ਮਰਿਆਦਾ ਦਾ ਮਹੱਤਵ ਸਮਝ ਆਉਂਦਾ ਹੈ ਅਤੇ ਇਹ ਸਾਨੂੰ ਆਪਣੇ ਵਾਅਦੇ ਨੂੰ ਪੂਰਾ ਕਰਨ ਦੀ ਸਿੱਖਿਆ ਦਿੰਦੀ ਹੈ।

# ਬੱਚਿਆਂ ਦੀ ਸਿਖਲਾਈ ਅਤੇ ਸਿੱਖਿਆ ਪ੍ਰਣਾਲੀ ਦੀ ਭੂਮਿਕਾ!



ਹਰੇਕ ਵਿਕਸਤ ਦੇਸ਼ ਦੇ ਪਿੱਛੇ ਇੱਕ ਸ਼ਾਨਦਾਰ ਸਿੱਖਿਆ ਪ੍ਰਣਾਲੀ ਹੁੰਦੀ ਹੈ, ਜੋ ਸਿਖਲਾਈ ਰਾਹੀਂ ਆਪਣੀ ਰਾਸ਼ਟਰੀ ਭਾਸ਼ਾ ਦੇ ਵਿਕਾਸ ਵਿੱਚ ਇੱਕ ਵਿਲੱਖਣ ਸਥਾਨ ਪ੍ਰਾਪਤ ਕਰਦੀ ਹੈ। ਜੇ ਅਸੀਂ ਜਾਪਾਨ ਦੀ ਸਿੱਖਿਆ ਪ੍ਰਣਾਲੀ 'ਤੇ ਵਿਚਾਰ ਕਰੀਏ, ਜੋ ਕਿ ਸੱਚਾਈ ਅਤੇ ਇਮਾਨਦਾਰੀ ਵਿੱਚ ਦੁਨੀਆ ਵਿੱਚ ਪਹਿਲੇ ਸਥਾਨ 'ਤੇ ਹੈ, ਤਾਂ ਸਾਨੂੰ ਪਤਾ ਲੱਗੇਗਾ ਕਿ ਜਾਪਾਨੀ ਵਿਦਿਅਕ ਸਮਾਂ-ਸਾਰਣੀ ਪੰਜ ਤੋਂ ਛੇ ਘੰਟੇ ਕੰਮ ਤੱਕ ਸੀਮਤ ਹੈ। ਵਿਦਿਆਰਥੀਆਂ ਨੂੰ ਘਰ ਦਾ ਕੰਮ ਘਰ ਲਿਜਾਣ ਦੀ ਮਨਾਹੀ ਹੈ, ਭਾਵ ਸਕੂਲ ਦਾ ਕੰਮ ਸਕੂਲ ਵਿੱਚ ਪੂਰਾ ਕੀਤਾ ਜਾਂਦਾ ਹੈ। ਯਾਨੀ, ਉਹ ਵਿਦਿਅਕ ਚੋਰ ਜੋ ਘਰ ਦਾ ਕੰਮ ਦੇ ਕੇ ਆਪਣੀਆਂ ਅਯੋਗ ਕਮਜ਼ੋਰੀਆਂ ਦਾ ਦੋਸ਼ ਆਪਣੇ ਮਾਪਿਆਂ 'ਤੇ ਲਗਾਉਂਦੇ ਹਨ, ਉਨ੍ਹਾਂ ਦਾ ਰਸਤਾ ਬੰਦ ਹੋ ਜਾਂਦਾ ਹੈ। ਇੱਕ ਅਧਿਆਪਕ ਦੀ ਯੋਗਤਾ ਦੀ ਪਹਿਲੀ ਪਰੀਖਿਆ ਇਹ ਹੈ ਕਿ ਪੜ੍ਹਾਉਣ ਤੋਂ ਪਹਿਲਾਂ, ਉਹ ਵਿਦਿਆਰਥੀਆਂ ਦੇ ਦਿਲਾਂ ਅਤੇ ਦਿਮਾਗਾਂ ਵਿੱਚ ਸਿੱਖਿਆ ਪ੍ਰਤੀ ਪਿਆਰ ਅਤੇ ਦਿਲਚਸਪੀ ਪੈਦਾ ਕਰਦਾ ਹੈ। ਜੇਕਰ ਕੋਈ ਵਿਦਿਆਰਥੀ ਸਿੱਖਿਆ ਤੋਂ ਭੱਜ ਰਿਹਾ ਹੈ, ਤਾਂ ਉਸਨੂੰ ਇੱਕ ਅਸਲੀ ਅਧਿਆਪਕ ਨਹੀਂ ਮਿਲਿਆ। ਜਾਪਾਨੀ ਸਿੱਖਿਆ ਪ੍ਰਣਾਲੀ ਵਿੱਚ, ਸਾਲ ਦੇ ਜ਼ਿਆਦਾਤਰ ਸਮੇਂ ਲਈ ਕੋਈ ਪਾਠਕ੍ਰਮ ਨਹੀਂ ਹੁੰਦਾ। ਸਵਾਲਾਂ ਅਤੇ ਜਵਾਬਾਂ ਰਾਹੀਂ ਬੱਚਿਆਂ ਵਿੱਚ ਰਚਨਾਤਮਕ ਸਿਧਾਂਤ ਵਿਕਸਤ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ, ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਜਨਤਕ ਆਵਾਜਾਈ ਦੁਆਰਾ ਸਕੂਲ ਲਿਆਉਣ ਦੀ ਲੋੜ ਹੁੰਦੀ ਹੈ। ਇਸ ਸਿਧਾਂਤ ਦੇ ਕਾਰਨ, ਸਾਰੇ ਵਿਦਿਆਰਥੀ ਆਪਣੇ ਆਪ ਨੂੰ ਬਰਾਬਰ ਸਮਝਦੇ ਹਨ ਤਾਂ ਜੋ ਕੋਈ ਅਮੀਰ ਵਿਅਕਤੀ ਹੰਕਾਰੀ ਨਾ ਬਣੇ ਅਤੇ ਕੋਈ ਗਰੀਬ ਵਿਅਕਤੀ ਘਟੀਆ ਮਹਿਸੂਸ ਨਾ ਕਰੇ। ਹਰ ਕਿਸੇ ਨੂੰ ਇੱਕ ਚੰਗਾ ਵਿਅਕਤੀ ਹੋਣ ਨੂੰ ਮਾਣ ਵਾਲੀ ਗੱਲ ਸਮਝਣਾ ਚਾਹੀਦਾ ਹੈ। ਜੇਕਰ ਕੋਈ ਬੱਚਾ ਨਿੱਜੀ ਕਾਰ ਵਿੱਚ ਸਕੂਲ ਆਉਂਦਾ ਹੈ, ਤਾਂ ਪ੍ਰਿੰਸੀਪਲ ਉਸਨੂੰ ਗੇਟ ਤੋਂ ਵਾਪਸ ਭੇਜ ਦਿੰਦੇ ਹਨ। ਦੇਸ਼ ਅਤੇ ਰਾਸ਼ਟਰੀ ਅਨੁਸ਼ਾਸਨ ਨੂੰ ਕਾਇਮ ਰੱਖਣਾ ਹਰ ਕਿਸੇ ਦਾ ਫਰਜ਼ ਹੈ। ਇਹ ਨਿਯਮ ਅਤੇ ਨਿਯਮ ਛੋਟੀ ਉਮਰ ਵਿੱਚ ਹੀ ਵਿਦਿਅਕ ਪ੍ਰਣਾਲੀ ਰਾਹੀਂ ਬੱਚੇ ਦੀ ਸ਼ਖਸੀਅਤ ਨੂੰ ਢਾਲਣ ਵਿੱਚ ਭੂਮਿਕਾ ਨਿਭਾਉਂਦੇ ਹਨ। ਇਸ ਤੋਂ ਇਲਾਵਾ, ਬੱਚੇ ਲਈ ਸਾਹਿਤ, ਪੇਂਟਿੰਗ, ਕਲਾ, ਦ੍ਰਿਸ਼ਟਾਂਤ, ਸੰਗੀਤ ਅਤੇ ਹੋਰ ਸ਼ੌਕਾਂ ਦੀ ਆਪਣੀ ਪਸੰਦ ਨੂੰ ਪੂਰਾ ਕਰਕੇ ਜ਼ਰੂਰੀ ਹੁਨਰ ਪ੍ਰਾਪਤ ਕਰਨਾ ਜ਼ਰੂਰੀ ਹੈ, ਜੋ ਕਿ ਸ਼ਖਸੀਅਤ ਨਿਰਮਾਣ ਦਾ ਕਾਰਨ ਹਨ। ਜਾਪਾਨੀ ਵਿਦਿਅਕ ਸੰਸਥਾਵਾਂ ਵਿੱਚ, ਹਰ ਚਾਲੀ ਮਿੰਟਾਂ ਬਾਅਦ ਬ੍ਰੇਕ ਲਿਆ ਜਾਂਦਾ ਹੈ, ਜਿਵੇਂ ਕਿ ਖੋਜ ਨਾਲ ਜੁੜਿਆ ਹੋਇਆ ਹੈ। ਤਾਂ ਜੋ ਵਿਦਿਆਰਥੀ ਕਾਢਾਂ ਨੂੰ ਦੇਖ ਸਕਣ ਅਤੇ ਆਪਣੀਆਂ ਯੋਗਤਾਵਾਂ ਨਾਲ ਨਵੀਆਂ ਕਾਢਾਂ 'ਤੇ ਕੰਮ ਕਰ ਸਕਣ, ਜੋ ਨਵੀਨਤਾ ਦੀ ਪ੍ਰਕਿਰਿਆ ਨੂੰ ਜਾਰੀ ਰੱਖਦਾ ਹੈ। ਗਿਆਨ ਸਿਰਫ਼ ਜਾਣਨ ਤੱਕ ਸੀਮਿਤ ਨਹੀਂ ਹੈ, ਇਹ ਵਿਹਾਰਕ ਰੂਪ ਵਿੱਚ ਕਰਨ ਦੇ ਉਦੇਸ਼ ਨੂੰ ਪੇਸ਼ ਕਰਨ ਬਾਰੇ ਹੈ। ਵਿਕਸਤ ਦੇਸ਼ਾਂ ਦੇ ਪਿੱਛੇ ਸਿੱਖਿਆ ਹੀ ਇੱਕੋ ਇੱਕ ਹੱਥ ਹੈ, ਅਤੇ ਸਿੱਖਿਆ ਖੁਦ ਵਿਕਾਸ ਦੀਆਂ ਜ਼ਰੂਰਤਾਂ ਨਾਲ ਜੁੜੀ ਹੋਈ ਹੈ, ਤਾਂ ਹੀ ਦੂਜੇ ਖੇਤਰਾਂ ਵਿੱਚ ਇਨਕਲਾਬੀ ਤਬਦੀਲੀਆਂ ਆਉਂਦੀਆਂ ਹਨ। ਇਹ ਲੋਕ ਦੁਨੀਆ ਨੂੰ ਵਿਲੱਖਣ ਗੁਣਵੱਤਾ ਵਾਲੀਆਂ ਸਹੂਲਤਾਂ ਪ੍ਰਦਾਨ ਕਰਦੇ ਹੋਏ ਆਰਥਿਕ ਤਾਕਤ ਵਿੱਚ ਰਹਿਣ ਦਾ ਆਨੰਦ ਮਾਣਦੇ ਹਨ। ਵਿਕਸਤ ਦੇਸ਼ਾਂ ਵਿੱਚ, ਸਿੱਖਿਆ ਮੁਫ਼ਤ ਜਾਂ ਬਹੁਤ ਸਸਤੀ ਅਤੇ ਆਸਾਨ ਰੱਖੀ ਜਾਂਦੀ ਹੈ। ਅਧਿਆਪਕਾਂ ਅਤੇ ਵਿਦਿਅਕ ਸੰਸਥਾਵਾਂ ਦੇ ਖਰਚੇ ਸਰਕਾਰਾਂ ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ, ਫਿਰ ਇੱਥੋਂ ਸਫਲ ਹੋਣ ਵਾਲੇ ਬੱਚੇ ਆਪਣੇ ਦੇਸ਼ ਨੂੰ ਵਿਕਾਸ ਦਾ ਨਤੀਜਾ ਦਿੰਦੇ ਹਨ। ਬਦਕਿਸਮਤੀ ਨਾਲ, ਸਾਡੇ ਦੇਸ਼ ਵਿੱਚ, ਪ੍ਰਸ਼ਾਸਕੀ ਮਾਮਲਿਆਂ ਵਿੱਚ ਲੋਕਾਂ ਨੂੰ ਉਨ੍ਹਾਂ ਦੀ ਯੋਗਤਾ ਦੀ ਬਜਾਏ ਉਨ੍ਹਾਂ ਦੀਆਂ ਰਾਜਨੀਤਿਕ ਸੇਵਾਵਾਂ ਦੇ ਅਧਾਰ ਤੇ ਅਹੁਦਿਆਂ 'ਤੇ ਨਿਯੁਕਤ ਕੀਤਾ ਜਾਂਦਾ ਹੈ। ਜਦੋਂ ਕਿ ਸਿੱਖਿਆ ਖੇਤਰ ਵਿੱਚ, ਸਿੱਖਿਆ ਮਾਹਿਰਾਂ ਨੂੰ ਮੰਤਰਾਲੇ ਤੋਂ ਹੀ ਸਾਰੀਆਂ ਸੁਧਾਰ ਜ਼ਿੰਮੇਵਾਰੀਆਂ 'ਤੇ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ। ਇਸ ਕਾਰਨ, ਦੇਸ਼ ਭਰ ਵਿੱਚ ਨਿੱਜੀ ਵਿਦਿਅਕ ਸੰਸਥਾਵਾਂ ਨੇ ਕਾਰੋਬਾਰ ਦਾ ਰੂਪ ਧਾਰਨ ਕਰ ਲਿਆ ਹੈ। ਚੰਗੀ ਸਿੱਖਿਆ ਮਹਿੰਗੀ ਸਿੱਖਿਆ ਬਣ ਗਈ ਹੈ, ਜਿਸਦੀ ਮੰਜ਼ਿਲ ਇੱਕ ਨੌਕਰੀ ਨਾਲ ਜੁੜੀ ਹੋਈ ਹੈ ਜੋ ਇੱਕ ਨੌਕਰ ਬਣ ਜਾਂਦੀ ਹੈ। ਸਿੱਖਿਆ ਪ੍ਰਾਪਤ ਕਰਨ ਲਈ ਹਰ ਮਾਪੇ ਨੂੰ ਸਭ ਤੋਂ ਮੁਸ਼ਕਲ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੱਚਿਆਂ ਦੀ ਦਾਖਲਾ ਫੀਸ, ਮਹੀਨਾਵਾਰ ਫੀਸ, ਕਾਗਜ਼ ਦੇ ਪੈਸੇ, ਕਿਤਾਬਾਂ, ਕਾਪੀਆਂ, ਪੈਨਸਿਲਾਂ, ਵਰਦੀਆਂ, ਆਵਾਜਾਈ, ਜੇਬ ਖਰਚ, ਦੁਪਹਿਰ ਦਾ ਖਾਣਾ, ਘਰ ਦਾ ਕੰਮ, ਟਿਊਸ਼ਨ ਫੀਸ, ਸਕੂਲ ਟੂਰ ਗਤੀਵਿਧੀਆਂ, ਮਾਪਿਆਂ ਦੁਆਰਾ ਰੋਜ਼ਾਨਾ ਸਕੂਲ ਛੱਡਣ ਅਤੇ ਚੁੱਕਣ ਵਰਗੇ ਖਰਚਿਆਂ ਦੇ ਭਾਰੀ ਬੋਝ ਦੇ ਨਾਲ। ਜੇਕਰ ਸਾਰੇ ਖਰਚੇ ਇਕੱਠੇ ਕੀਤੇ ਜਾਣ ਤਾਂ ਮਾਪਿਆਂ ਦੀ ਜ਼ਿੰਦਗੀ ਅਤੇ ਜੀਵਨ ਪੂੰਜੀ ਦਾਅ 'ਤੇ ਲੱਗ ਜਾਂਦੀ ਹੈ। ਇਸ ਦੇ ਬਾਵਜੂਦ, ਜਦੋਂ ਕੋਈ ਬੱਚਾ ਡਿਗਰੀ ਪ੍ਰਾਪਤ ਕਰਦਾ ਹੈ, ਤਾਂ ਉਸਦੀ ਨੌਕਰੀ ਲਈ ਭਾਰੀ ਰਿਸ਼ਵਤ ਅਤੇ ਸਿਫਾਰਸ਼ ਦੀ ਲੋੜ ਪੈਂਦੀ ਹੈ।

ਪ੍ਰਾਈਵੇਟ ਵਿਦਿਅਕ ਸੰਸਥਾਵਾਂ ਵਿੱਚ ਇੰਨੀਆਂ ਵੱਡੀਆਂ ਕੁਰਬਾਨੀਆਂ ਕਰਨ ਦੇ ਬਾਵਜੂਦ, ਜਦੋਂ ਕੋਈ ਬੱਚਾ ਪੂਰੇ ਸੂਬੇ ਵਿੱਚ ਪਹਿਲੇ ਸਥਾਨ 'ਤੇ ਆਉਂਦਾ ਹੈ, ਤਾਂ ਉਹ ਸਰਕਾਰੀ ਸਕੂਲ ਵਿੱਚ ਪੜ੍ਹਦੇ ਇੱਕ ਗਰੀਬ ਮਜ਼ਦੂਰ ਦਾ ਬੱਚਾ ਹੁੰਦਾ ਹੈ ਕਿਉਂਕਿ ਉਸਨੂੰ ਇਹ ਮਹਿਸੂਸ ਕਰਵਾ ਕੇ ਸਖ਼ਤ ਮਿਹਨਤ ਕਰਵਾਈ ਜਾਂਦੀ ਹੈ ਕਿ ਅਸਫਲ ਹੋਣਾ ਸਕੂਲ ਵਿੱਚ ਅਸਫਲਤਾ ਨਹੀਂ ਹੈ, ਸਗੋਂ ਜ਼ਿੰਦਗੀ ਵਿੱਚ ਅਸਫਲਤਾ ਹੈ, ਜਦੋਂ ਕਿ ਪ੍ਰਾਈਵੇਟ ਸਕੂਲਾਂ ਵਿੱਚ, ਬੱਚੇ ਅਸਫਲ ਨਹੀਂ ਹੁੰਦੇ ਅਤੇ ਪੂਰੀ ਜਮਾਤ ਨੂੰ ਅਗਲੀ ਜਮਾਤ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ ਤਾਂ ਜੋ ਉਹ ਸਥਾਨ ਪ੍ਰਾਪਤ ਕਰ ਸਕੇ। ਇਸ ਦੇ ਬਾਵਜੂਦ, ਸਾਡਾ ਦੇਸ਼ ਅਤੇ ਸਮਾਜ, ਭਾਵੇਂ ਛੋਟਾ ਹੋਵੇ, ਚੰਗੇ ਅਧਿਆਪਕਾਂ ਦੇ ਕਾਰਨ ਸਹੀ ਅਤੇ ਚੰਗੀ ਦਿਸ਼ਾ ਵੱਲ ਵਧ ਰਿਹਾ ਹੈ, ਜੋ ਆਪਣੇ ਉੱਚੇ ਨੈਤਿਕ ਗੁਣਾਂ ਨਾਲ, ਵਿਦਿਆਰਥੀ ਨੂੰ ਆਪਣੇ ਮੋਢਿਆਂ 'ਤੇ ਬਿਠਾ ਕੇ ਕਹਿੰਦੇ ਹਨ, "ਦੇਖੋ, ਤੁਹਾਡਾ ਕੱਦ ਮੇਰੇ ਨਾਲੋਂ ਵੀ ਉੱਚਾ ਹੋ ਗਿਆ ਹੈ।" ਅੱਜ ਵੀ, ਅਜਿਹੇ ਅਧਿਆਪਕ ਹਨ ਜੋ ਕਮਜ਼ੋਰ ਬੱਚਿਆਂ ਦੇ ਖਾਲੀ ਦਿਮਾਗਾਂ ਨੂੰ ਆਪਣੀ ਤਨਖਾਹ ਨਾਲ ਦੀਵੇ ਸਮਝਦੇ ਹੋਏ, ਆਪਣੀ ਕੁਰਬਾਨੀ ਦਾ ਤੇਲ ਭਰਦੇ ਹਨ ਅਤੇ ਸਮਾਜ ਦੇ ਹਨੇਰੇ ਵਿੱਚ ਮਨੁੱਖਤਾ ਦੀ ਰੌਸ਼ਨੀ ਫੈਲਾਉਂਦੇ ਹਨ। ਉਨ੍ਹਾਂ ਦੀ ਸਿਖਲਾਈ ਉਨ੍ਹਾਂ ਦੇ ਵਿਦਿਆਰਥੀਆਂ ਨੂੰ ਮਨੁੱਖਤਾ ਦਾ ਸਬਕ ਸਿਖਾਉਂਦੀ ਹੈ। ਜੋ ਅਧਿਆਪਕ ਆਪਣੀਆਂ ਜੇਬਾਂ ਭਾਵਨਾਵਾਂ ਦੇ ਭੰਡਾਰ ਨਾਲ ਭਰਦੇ ਹਨ, ਉਹ ਉਨ੍ਹਾਂ ਨੂੰ ਇਸ ਤਰ੍ਹਾਂ ਬਣਾਉਂਦੇ ਹਨ ਕਿ ਜੇਕਰ ਕਿਸੇ ਦੇ ਟਿਫ਼ਨ ਵਿੱਚੋਂ ਬ੍ਰੇਕ ਦੌਰਾਨ ਸੁੱਕੀ ਰੋਟੀ ਨਿਕਲੇ, ਤਾਂ ਉਸਨੂੰ ਘਟੀਆ ਸਮਝਣ ਦੀ ਬਜਾਏ, ਉਹ ਆਪਣੀ ਘਿਓ ਨਾਲ ਭਰੀ ਰੋਟੀ ਲਈ ਸ਼ੁਕਰਗੁਜ਼ਾਰ ਹੋਣ। ਕਿ ਇਸਨੂੰ ਸਾਂਝਾ ਕੀਤਾ ਜਾਣਾ ਚਾਹੀਦਾ ਹੈ।

ਇੱਕ ਗਰੀਬ ਦੋਸਤ ਦੇ ਫਟੇ ਹੋਏ ਕੱਪੜੇ ਦੇਖ ਕੇ, ਰੱਬ ਉਸ ਨੂੰ ਕੱਪੜੇ ਪਾਉਂਦਾ ਹੈ ਜੋ ਧੋਖੇ ਵਿੱਚ ਆਏ ਨੂੰ ਆਪਣੇ ਕੱਪੜੇ ਦਿੰਦਾ ਹੈ। ਉਦਾਸ ਚਿਹਰੇ 'ਤੇ ਮੁਸਕਰਾਹਟ ਦੇਣ ਲਈ, ਕਹਿਣਾ ਪੈਂਦਾ ਹੈ, "ਜੇ ਤੁਸੀਂ ਨਹੀਂ ਹੱਸਦੇ, ਤਾਂ ਮੈਂ ਰੋਵਾਂਗਾ।" ਸਿੱਖਿਆ ਸਿਖਾਉਂਦੀ ਹੈ ਕਿ ਮੈਂ ਆਪਣੀ ਜੇਬ ਦੇ ਪੈਸੇ ਵਿੱਚੋਂ ਆਪਣੇ ਦੋਸਤ ਦੀ ਛੋਟੀ ਜਿਹੀ ਲੋੜ ਪੂਰੀ ਕਰਕੇ ਬਹੁਤ ਭਲਾਈ ਕਮਾਈ ਹੈ। ਸਿੱਖਿਆ ਸਿਖਾਉਂਦੀ ਹੈ ਕਿ ਦੂਜਿਆਂ ਦੇ ਦਿਲਾਂ ਨੂੰ ਠੇਸ ਨਾ ਪਹੁੰਚਾਉਣ ਲਈ ਮਜ਼ਾਕ ਅਤੇ ਮਜ਼ਾਕ ਵਿੱਚ ਫਰਕ ਕਿਵੇਂ ਕਰਨਾ ਹੈ। ਸਿੱਖਿਆ ਸਿਖਾਉਂਦੀ ਹੈ ਕਿ ਤੁਹਾਡੇ ਲਈ ਪ੍ਰਾਰਥਨਾ ਕਰਨ ਵਾਲੇ ਹੱਥਾਂ ਨੂੰ ਚੁੰਮਣ ਨਾਲ ਜਲਦੀ ਪ੍ਰਵਾਨਗੀ ਮਿਲਦੀ ਹੈ। ਸਿੱਖਿਆ ਸਿਖਾਉਂਦੀ ਹੈ ਕਿ ਭੁੱਖੇ ਵਿਅਕਤੀ ਦੇ ਮੂੰਹ ਵਿੱਚ ਆਪਣੀ ਲੋੜ ਦਾ ਭੋਜਨ ਪਾ ਕੇ, ਰੋਜ਼ੀ-ਰੋਟੀ ਖੁਦ ਤੁਹਾਡੇ ਹੱਕ ਵਿੱਚ ਅਸੀਸਾਂ ਦੀ ਪ੍ਰਾਰਥਨਾ ਕਰਨ ਲੱਗ ਪੈਂਦੀ ਹੈ। ਸਿੱਖਿਆ ਸਿਖਾਉਂਦੀ ਹੈ ਕਿ ਕਿਸੇ ਦੇ ਨੰਗੇ ਪੈਰਾਂ ਵਿੱਚ ਆਪਣੀ ਜੁੱਤੀ ਪਾ ਕੇ, ਤੁਹਾਡੀਆਂ ਜ਼ਰੂਰਤਾਂ ਤੁਹਾਡੇ ਵੱਲ ਵਧਣ ਲੱਗਦੀਆਂ ਹਨ। ਸਿੱਖਿਆ ਸਿਖਾਉਂਦੀ ਹੈ ਕਿ ਚੰਗੇ ਕੰਮ ਲਿਖਣ ਵਾਲੀ ਕਲਮ ਨਾਲੋਂ ਵੱਧ ਕੀਮਤੀ ਉਹ ਕਲਮ ਹੈ ਜੋ ਕਿਸੇ ਨੂੰ ਗਿਆਨ ਸਿੱਖਣ ਵਿੱਚ ਮਦਦ ਕਰਦੀ ਹੈ।ਤੁਸੀਂ ਉਨ੍ਹਾਂ ਨੂੰ ਤੋਹਫ਼ੇ ਵਜੋਂ ਦਿੰਦੇ ਹੋ। ਸਿੱਖਿਆ ਸਿਖਾਉਂਦੀ ਹੈ ਕਿ ਆਪਣੇ ਖਿਡੌਣੇ ਕਿਸੇ ਵਾਂਝੇ ਬੱਚੇ ਨੂੰ ਦੇਣ ਨਾਲ ਉਸਨੂੰ ਖੁਸ਼ੀ ਅਤੇ ਸ਼ਾਂਤੀ ਮਿਲਦੀ ਹੈ। ਸਿੱਖਿਆ ਸਿਖਾਉਂਦੀ ਹੈ ਕਿ ਕਿਸੇ ਲੋੜਵੰਦ ਵਿਅਕਤੀ ਦੀ ਮਦਦ ਕਰਨਾ ਅਤੇ ਉਸਨੂੰ ਚੋਰੀ ਤੋਂ ਬਚਾਉਣਾ ਵੀ ਚਰਿੱਤਰ ਨਿਰਮਾਣ ਦਾ ਇੱਕ ਤਰੀਕਾ ਹੈ। ਸਿੱਖਿਆ ਸਿਖਾਉਂਦੀ ਹੈ ਕਿ ਕੀੜੇ-ਮਕੌੜਿਆਂ ਅਤੇ ਪੰਛੀਆਂ ਨੂੰ ਖੁਆਉਣਾ ਉਸ ਭੋਜਨ ਲਈ ਸ਼ੁਕਰਗੁਜ਼ਾਰੀ ਹੈ ਜੋ ਪਰਮਾਤਮਾ ਨੇ ਤੁਹਾਨੂੰ ਦਿੱਤਾ ਹੈ। ਸਿੱਖਿਆ ਸਿਖਾਉਂਦੀ ਹੈ ਕਿ ਚੰਗੇ ਇਰਾਦੇ ਅਤੇ ਸੋਚ-ਸਮਝ ਕੇ ਬੋਲਣ ਵਾਲੇ ਵਿਅਕਤੀ ਦੁਆਰਾ ਕਹੇ ਗਏ ਸ਼ਬਦ ਜ਼ਖਮੀ ਦਿਲਾਂ 'ਤੇ ਮਲ੍ਹਮ ਦਾ ਕੰਮ ਕਰਦੇ ਹਨ। ਸਿੱਖਿਆ ਸਿਖਾਉਂਦੀ ਹੈ ਕਿ ਮਨੁੱਖ ਉਹ ਹਨ ਜੋ ਦੂਜਿਆਂ ਦੇ ਦਰਦ ਨੂੰ ਆਪਣੀਆਂ ਛਾਤੀਆਂ ਵਿੱਚ ਮਹਿਸੂਸ ਕਰਦੇ ਹਨ। ਸਿੱਖਿਆ ਸਿਖਾਉਂਦੀ ਹੈ ਕਿ ਜਿਸ ਤਰ੍ਹਾਂ ਪਰਮਾਤਮਾ, ਜਿਸਨੂੰ ਕਦੇ ਨਹੀਂ ਦੇਖਿਆ ਗਿਆ, ਉਸਦੀ ਦਇਆ ਅਤੇ ਸ਼ਕਤੀ ਦੁਆਰਾ ਪਛਾਣਿਆ ਜਾਂਦਾ ਹੈ, ਉਸੇ ਤਰ੍ਹਾਂ, ਮਨੁੱਖ ਵੀ ਆਪਣੀ ਭਾਸ਼ਾ ਅਤੇ ਚਰਿੱਤਰ ਦੁਆਰਾ ਪਛਾਣਿਆ ਜਾਂਦਾ ਹੈ। ਸਿੱਖਿਆ ਇਕੱਲੇ ਅੱਗੇ ਵਧਣ ਦੀ ਬਜਾਏ ਦੂਜਿਆਂ ਨੂੰ ਨਾਲ ਲੈ ਕੇ ਜਾਣ ਬਾਰੇ ਹੈ।

# ਗੁਰੂ ਗੋਬਿੰਦ ਸਿੰਘ ਜੀ ਨੂੰ ਇੱਕ ਭੁਲੱਕੜ ਦੇਸ਼ ਭਗਤ ਕਹਿਣ' ਤੇ ਭਾਈ ਜਗਤ ਸਿੰਘ ਉਰਫ ਭਾਈ ਤਜਿੰਦਰ ਸਿੰਘ ਨੇ ਭਰੀ ਸਭਾ ਦੇ ਵਿੱਚ ਮਹਾਤਮਾ ਗਾਂਧੀ ਨੂੰ ਥੱਪੜ ਕਢ ਮਾਰਿਆ

ਵਰਲਡ ਪੰਜਾਬੀ ਟਾਈਮਜ਼
ਗੁਰਦੀਪ ਸਿੰਘ ਜਗਬੀਰ ( ਡਾ.)



ਮਹਾਤਮਾ ਅਖਵਾਉਂਦੇ ਮੋਹਨਦਾਸ ਕਰਮ ਚੰਦ ਗਾਂਧੀ ਵੱਲੋਂ ਜਦੋਂ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੂੰ ਇੱਕ ਭੁਲੱਕੜ ਦੇਸ਼ ਭਗਤ ਕਿਹਾ ਗਿਆ ਤਾਂ ਏਅਰਫੋਰਸ ਦੇ ਇਕ ਆਲਾ ਅਫਸਰ ਭਾਈ ਜਗਤ ਸਿੰਘ ਉਰਫ ਭਾਈ ਤਜਿੰਦਰ ਸਿੰਘ ਨੇ ਭਰੀ ਸਭਾ ਦੇ ਵਿੱਚ ਉਸ ਨੂੰ ਥੱਪੜ ਕਢ ਮਾਰਿਆ:

ਅਖੰਡ ਕੀਰਤਨੀ ਜਥੇ ਦੇ ਨਾਲ ਸੰਬੰਧਿਤ ਭਾਈ ਸਾਹਿਬ ਜਗਤ ਸਿੰਘ ਜੋ ਕਿ ਉਸ ਵਕਤ ਭਾਰਤੀ ਹਵਾਈ ਫੌਜ ਦੇ ਵਿੱਚ ਇੱਕ ਆਲਾ ਅਫਸਰ ਸਨ ਉਹਨਾਂ ਨੇ ਮੋਹਨਦਾਸ ਕਰਮ ਚੰਦ ਗਾਂਧੀ ਨੂੰ ਥੱਪੜ ਮਾਰਿਆ ਸੀ। ਭਾਈ ਸਾਹਿਬ ਜਗਤ ਸਿੰਘ ਜੀ ਨੇ, ਮਹਾਤਮਾ ਅਖਵਾਉਂਦੇ ਇਸ ਗਾਂਧੀ ਨੂੰ ਥੱਪੜ ਇਸ ਕਰਕੇ ਮਾਰਿਆ ਸੀ ਕਿਉਂਕਿ ਗਾਂਧੀ ਨੇ ਦਸਵੇਂ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਸ਼ਾਨ ਦੇ ਖਿਲਾਫ ਕੁਝ ਐਸੀ ਮੰਦੀ ਅਤੇ ਭੈੜੀ ਸ਼ਬਦਾਵਲੀ ਵਰਤੀ ਸੀ ਜਿਹੜੀ ਭਾਈ ਸਾਹਿਬ ਜਗਤ ਸਿੰਘ ਤੋਂ ਬਰਦਾਸ਼ਤ ਨਹੀਂ ਸੀ ਹੋਈ। ਗਾਂਧੀ ਨੇ ਸਤਿਗੁਰੂ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੂੰ ਇੱਕ ਭੁਲੱਕੜ ਦੇਸ਼ ਭਗਤ ਭਾਵ ਅੰਗਰੇਜ਼ੀ ਦੇ ਵਿੱਚ (missguided patriot) ਕਿਹਾ ਸੀ। ਇਸ ਥੱਪੜ ਦੀ ਗੂੰਜ ਜਦੋਂ ਭਾਰਤ ਦੇ ਉਸ ਵਕਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਤੱਕ ਪੁੱਜੀ ਤਾਂ ਉਸ ਨੇ ਭਾਈ ਸਾਹਿਬ ਨੂੰ ਨੌਕਰੀ ਦੇ ਵਿੱਚੋਂ ਕੱਢ ਦਿੱਤਾ। ਅਸਲ ਦੇ ਵਿੱਚ ਉਸਨੇ ਭਾਈ ਜਗਤ ਸਿੰਘ ਹੁਣਾਂ ਨੂੰ ਸਿੱਧਾ ਬਰਖਾਸਤ ਨਹੀਂ ਸੀ ਕੀਤਾ ਜਾਂ ਸਰੇਆਮ ਉਹਨਾਂ ਦਾ ਕੋਰਟ ਮਾਰਸ਼ਲ ਨਹੀਂ ਸੀ ਕੀਤਾ, ਕਿਉਂਕਿ ਉਹ ਡਰਦਾ ਸੀ ਕੇ ਮਾਮਲਾ ਨਾਜ਼ੁਕ ਹੈ ਅਤੇ ਸਿੱਖ ਕੌਮ ਉਸਦੇ ਖਿਲਾਫ ਹੋ ਸਕਦੀ ਹੈ। ਇਸੇ ਤਰ੍ਹਾਂ ਕੋਈ ਸਜ਼ਾ ਭਾਈ ਸਾਹਿਬ ਨੂੰ ਇਸ ਲਈ ਨਹੀਂ ਦਿੱਤੀ ਗਈ ਸੀ ਕਿਉਂਕਿ ਉਸ ਵਕਤ ਫੌਜ ਦੇ ਵਿੱਚ ਸਿੱਖ ਫੌਜ ਵੱਲੋਂ ਬਗਾਵਤ ਹੋਣ ਦਾ ਡਰ ਸੀ।

ਇਸ ਤੋਂ ਬਾਅਦ ਇੱਕ ਸਾਜਿਸ਼ ਦੇ ਤਹਿਤ ਫੌਜ ਦੇ ਹਰ ਵਿੰਗ ਦੇ ਵਿੱਚੋਂ ਸਿੱਖ ਫੌਜੀਆਂ ਦੀ ਗਿਣਤੀ ਇਹਨਾਂ ਨੇ ਘਟਾਣੀ ਸ਼ੁਰੂ ਕਰ ਦਿੱਤੀ ਸੀ।ਭਾਈ ਸਾਹਿਬ ਜੀ ਦਾ ਇਹ ਥੱਪੜ ਦੇਸ਼ ਵੰਡ ਤੋਂ ਬਾਅਦ ਨਵੀਂ ਬਣੀ ਉਸ ਹਿੰਦ ਸਰਕਾਰ ਦੇ ਮੂੰਹ ਦੇ ਉੱਤੇ ਵੀ ਇੱਕ ਚਪੇੜ ਸੀ ਜਿਹੜੀ ਫਿਰਕੂ ਸੋਚ ਦੇ ਤਹਿਤ ਸਿੱਖ ਕੌਮ ਦੇ ਨਾਲ ਈਰਖਾ ਅਤੇ ਵੱਖਰੇਵੇਂ ਕਰਦੀ ਹੈ।

ਕਲਕੱਤਾ ਵਿੱਚ ਆਪਣੇ ਇੱਕ ਭਾਸ਼ਣ ਦੇ ਦੌਰਾਨ, ਮਹਾਤਮਾਂ ਅਖਵਾਉਂਦੇ ਗਾਂਧੀ ਨੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ "ਗੁੰਮਰਾਹ ਦੇਸ਼ ਭਗਤ" ਕਿਹਾ। ਉਸਨੇ ਕਿਹਾ ਸੀ "ਗੁਰੂ ਗੋਬਿੰਦ ਸਿੰਘ ਜੀ ਨੂੰ ਭਾਰਤ ਦੇ ਇੱਕ ਗੁੰਮਰਾਹ ਪੈਗੰਬਰ ਸਨ। **In his speach in Calcutta, Gandhi said, "Guru Gobind Singh was a mislead prophet of India.**

ਅਸਲ ਵਿੱਚ ਮਹਾਤਮਾਂ ਗਾਂਧੀ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੂੰ 'ਗੁੰਮਰਾਹ ਦੇਸ਼ਭਗਤ' ਇਸ ਲਈ ਕਹਿੰਦਾ ਸੀ, ਕਿਉਂਕਿ ਸਤਿਗੁਰੂ ਜੀ ਵਲੋਂ ਕ੍ਰਿਪਾਨ ਜਾਂ ਹਥਿਆਰ ਚੁੱਕਣ ਨੂੰ ਉਹ ਹਿੰਸਾ (violence) ਮੰਨਦਾ ਸੀ ਅਤੇ ਉਸਨੇ ਅਹਿੰਸਾ ਪਰਮੋ ਧਰਮ ਦਾ ਨਾਹਰਾ ਦਿੱਤਾ ਸੀ। ਇਸੇ ਹੀ ਸੰਦਰਭ ਦੇ ਵਿੱਚ ਉਸਨੇ ਸਰਦਾਰ ਭਗਤ ਸਿੰਘ ਅਤੇ ਉਹਨਾਂ ਦੇ ਕ੍ਰਾਂਤੀਕਾਰੀ ਸਾਥੀਆਂ ਵੱਲੋਂ ਸਾਂਡਰਸ ਦੇ ਕਤਲ ਨੂੰ ਹਿੰਸਾ ਕਿਹਾ ਸੀ।

ਪ੍ਰਿੰਸੀਪਲ ਗੰਗਾ ਸਿੰਘ ਨੇ ਗਾਂਧੀ ਦੇ ਕਥਨ ਦਾ ਜਵਾਬ ਦਿੱਤਾ ਸੀ ਕਿ ਜੇ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਬਾਰੇ ਜਾਣਦੇ ਹੁੰਦੇ ਅਤੇ ਇਸ ਬਾਰੇ ਸੋਚਦੇ ਹੁੰਦੇ, ਤਾਂ ਤੁਸੀਂ ਇਹ ਮਾੜੇ ਸ਼ਬਦ ਕਦੀ ਵੀ ਨਾ ਆਖਦੇ।ਇਸ ਦੇ ਨਾਲ ਉਸ ਨੂੰ ਜਦੋਂ ਗੁਰੂ ਸਾਹਿਬ ਬਾਰੇ ਹੋਰ ਪਤਾ ਲੱਗਾ ਤਾਂ ਉਸ ਨੇ ਬਾਅਦ ਵਿਚ ਸਿੱਖਾਂ ਪਾਸੋਂ ਮੁਆਫੀ ਮੰਗ ਲਈ ਸੀ।

ਪੂਰੀ ਕਹਾਣੀ ਕੁੱਝ ਇਸ ਤਰ੍ਹਾਂ ਹੈ: 1947 ਵਿਚ ਭਾਈ ਜਗਤ ਸਿੰਘ ਦਾ ਜਿਨ੍ਹਾ ਦਾ ਨਾਂ ਭਾਈ ਤੇਜਿੰਦਰ ਸਿੰਘ ਕਰ ਕੇ ਵੀ ਜਾਣਿਆ ਜਾਂਦਾ ਹੈ।ਉਸ ਦਿਨ ਆਪ ਸੈਰ ਕਰਣ ਦੇ ਲਈ ਘਰੋਂ ਨਿਕਲੇ ਸਨ ਅਤੇ ਦਿੱਲੀ ਦੇ ਪ੍ਰਸਿੱਧ ਬਿਰਲਾ ਮੰਦਰ ਵੱਲ ਚੱਲ ਪਏ। ਉਥੇ ਭੀੜ ਨੂੰ ਦੇਖ ਕੇ ਉਹ ਨੇੜੇ ਗਏ ਅਤੇ ਗਾਂਧੀ ਨੂੰ ਲੈਕਚਰ ਕਰਦੇ ਦੇਖਿਆ।

ਜਦੋਂ ਭਾਈ ਸਾਹਿਬ ਨੇ ਗਾਂਧੀ ਵੱਲੋਂ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਬਾਰੇ "ਗੁਮਰਾਹ ਹੋਏ ਦੇਸ਼ ਭਗਤ" ਬਾਰੇ ਟਿੱਪਣੀ ਸੁਣੀ ਤਾਂ ਭਾਈ ਜਗਤ ਸਿੰਘ(ਭਾਈ ਤੇਜਿੰਦਰ ਸਿੰਘ ) ਗਾਂਧੀ ਕੋਲ ਗਏ ਅਤੇ ਉਸ ਦੇ ਮੂੰਹ 'ਤੇ ਥੱਪੜ ਦੇ ਮਾਰਿਆ। ਉਥੇ ਇੱਕਠੀ ਭੀੜ ਨੇ ਭਾਈ ਸਾਹਿਬ ਨੂੰ ਫੜਨ ਅਤੇ ਕੁੱਟਣ ਦੀ ਕੋਸ਼ਿਸ਼ ਕੀਤੀ ਪਰ ਉਹ ਏਅਰ ਫੋਰਸ ਦੇ ਸਿੱਖਲਾਈ ਪ੍ਰਾਪਤ ਇੱਕ ਜੋਧੇ ਸਨ ਅਤੇ ਉਸ ਭੀੜ ਦੇ ਨਾਲ ਜੂਝਦੇ ਹੋਏ ਉਥੋਂ ਨਿਕਲ ਗਏ।

ਹੁਣ ਆਪਣੇ ਮਹਾਨ ਨੇਤਾ ਦਾ ਇੰਨਾ ਬੁਰੀ ਤਰ੍ਹਾਂ ਅਪਮਾਨ ਹੋਣ ਕਾਰਣ ਪੁਲਿਸ ਹਰ ਜਗ੍ਹਾ ਉਨ੍ਹਾਂ ਦੀ ਭਾਲ ਕਰ ਰਹੀ ਸੀ। ਬਾਅਦ ਵਿੱਚ ਇੱਕ ਸੌਦਾ ਕੀਤਾ ਗਿਆ ਜਿੱਥੇ ਉਨ੍ਹਾਂ ਨੂੰ ਹਵਾਈ ਫ਼ੌਜ ਤੋਂ ਲਾਂਭੇ ਕਰ ਦਿੱਤਾ ਗਿਆ ਅਤੇ ਇਸ ਘਟਨਾ ਨੂੰ ਸ਼ਾਂਤ ਕਰਨ ਲਈ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।

ਆਪ ਬਾਅਦ ਵਿੱਚ ਚੰਡੀਗੜ੍ਹ ਚਲੇ ਗਏ ਅਤੇ ਕੀਰਤਨ ਦੀ ਸਿੱਖਲਾਈ ਸ਼ੁਰੂ ਕਰ ਦਿੱਤੀ ਅਤੇ ਬਾਅਦ ਵਿੱਚ ਭਾਰਤ ਛੱਡ ਗਏ।

# ਸਬਰ, ਸੁਕਰ, ਅਤੇ ਅਰਦਾਸ ਤਿੰਨਾਂ ਦਾ ਮਹੱਤਵ ਸਾਡੀ ਜ਼ਿੰਦਗੀ ਵਿੱਚ




## ਸਬਰ

ਸਬਰ ਦਾ ਮਤਲਬ ਹੈ ਧੀਰਜਾ ਰੱਖਣਾ। ਜਦੋਂ ਸਾਡੇ ਜੀਵਨ ਵਿੱਚ ਕੋਈ ਮੁਸ਼ਕਿਲ ਆਵੇ, ਤਾਂ ਸਬਰ ਰੱਖਣਾ ਬਹੁਤ ਜ਼ਰੂਰੀ ਹੈ। ਇੱਕ ਉਦਾਹਰਣ ਦੇ ਤੌਰ 'ਤੇ, ਇੱਕ ਕਿਸਾਨ ਨੂੰ ਦੇਖੋ ਜੋ ਆਪਣੇ ਖੇਤ ਵਿੱਚ ਬੀਜ ਬੀਜਦਾ ਹੈ। ਉਹ ਸਾਰਾ ਸਾਲ ਮਿਹਨਤ ਕਰਦਾ ਹੈ, ਪਰ ਫਸਲ ਉਗਣ ਵਿੱਚ ਕਈ ਮਹੀਨੇ ਲਗਦੇ ਹਨ। ਇਸ ਦੌਰਾਨ, ਉਹ ਸਬਰ ਰੱਖਦਾ ਹੈ ਅਤੇ ਆਪਣੇ ਕੰਮ ਵਿੱਚ ਲੱਗਾ ਰਹਿੰਦਾ ਹੈ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

## ਸੁਕਰ

ਸੁਕਰ ਦਾ ਮਤਲਬ ਹੈ ਸ਼ੁਕਰ ਕਰਨਾ। ਸਾਨੂੰ ਆਪਣੀ ਜ਼ਿੰਦਗੀ ਵਿੱਚ ਜੋ ਕੁਝ ਵੀ ਮਿਲਦਾ ਹੈ, ਉਸ ਲਈ ਸ਼ੁਕਰ ਕਰਨਾ ਚਾਹੀਦਾ ਹੈ। ਇੱਕ ਉਦਾਹਰਣ ਦੇ ਤੌਰ 'ਤੇ, ਇੱਕ ਵਿਅਕਤੀ ਜੋ ਬਿਮਾਰ ਹੈ, ਪਰ ਉਸ ਦੇ ਪਰਿਵਾਰ ਦੇ ਮੈਂਬਰ ਉਸ ਦੇ ਨਾਲ ਹਨ, ਉਸ ਨੂੰ ਸ਼ੁਕਰ ਕਰਨਾ ਚਾਹੀਦਾ ਹੈ ਕਿ ਉਸ ਦੇ ਪਰਿਵਾਰ ਦੇ ਮੈਂਬਰ ਉਸ ਦੇ ਨਾਲ ਹਨ।

## ਅਰਦਾਸ

ਅਰਦਾਸ ਦਾ ਮਤਲਬ ਹੈ ਪ੍ਰਾਰਥਨਾ ਕਰਨਾ। ਸਾਨੂੰ ਆਪਣੇ ਉੱਚ ਸ਼ਕਤੀ ਤੋਂ ਮਦਦ ਮੰਗਣੀ ਚਾਹੀਦੀ ਹੈ ਅਤੇ ਉਸ ਦਾ ਧੰਨਵਾਦ ਕਰਨਾ ਚਾਹੀਦਾ ਹੈ। ਇੱਕ ਉਦਾਹਰਣ ਦੇ ਤੌਰ 'ਤੇ, ਇੱਕ ਵਿਦਿਆਰਥੀ ਜੋ ਪਰੀਖਿਆ ਵਿੱਚ ਫ਼ਸ ਗਿਆ ਹੈ, ਉਸ ਨੂੰ ਅਰਦਾਸ ਕਰਨੀ ਚਾਹੀਦੀ ਹੈ ਕਿ ਉਹ ਪਰੀਖਿਆ ਵਿੱਚ ਸਫਲ ਹੋਵੇ।

ਇਸ ਤਰ੍ਹਾਂ, ਸਬਰ, ਸੁਕਰ, ਅਤੇ ਅਰਦਾਸ ਸਾਡੇ ਜੀਵਨ ਨੂੰ ਸੁਖੀ ਅਤੇ ਸਫਲ ਬਣਾਉਣ ਵਿੱਚ ਮਦਦ ਕਰਦੇ ਹਨ।